# Fasenra® (benralizumab)

# ਤੁਹਾਡੇ ਗੰਭੀਰ ਦਮੇ ਦੇ ਇਲਾਜ ਬਾਰੇ ਉਪਯੋਗੀ ਜਾਣਕਾਰੀ

**ਤੁਹਾਡੇ ਮਰੀਜ਼ ਜਾਣਕਾਰੀ ਕਿਤਾਬਚੇ ਵਿੱਚ ਸਵਾਗਤ ਹੈ!**

ਇਸ ਕਿਤਾਬਚੇ ਵਿੱਚ ਤੁਹਾਨੂੰ ਇਹ ਮਿਲੇਗਾ:


- **Fasenra ਮਰੀਜ਼ ਜਾਣਕਾਰੀ** (ਪੰਨੇ 2 ਤੋਂ 6)
- **Fasenra ਦੇ ਸਵੈ-ਪ੍ਰਬੰਧਨ ਲਈ ਹਿਦਾਇਤਾਂ** (ਪੰਨੇ 7 ਤੋਂ 11)
- **ਤੁਹਾਡੀ Fasenra ਇਲਾਜ ਯੋਜਨਾ** (ਪੰਨੇ 12 ਤੋਂ 18)


**ਇਹ ਕਿਤਾਬਚਾ ਯੂਕੇ ਦੇ ਉਨ੍ਹਾਂ ਮਰੀਜ਼ਾਂ ਲਈ ਹੈ ਜਿਨ੍ਹਾਂ ਨੂੰ ਗੰਭੀਰ ਈਓਸਿਨੋਫਿਲਿਕ ਦਮੇ ਲਈ Fasenra ਤਜਵੀਜ਼ ਕੀਤੀ ਗਈ ਹੈ।** ਇਹ ਮਰੀਜ਼ ਜਾਣਕਾਰੀ ਲੀਫ਼ਲੈਟ ਦੀ ਥਾਂ ਨਹੀਂ ਲੈਂਦਾ ਜੋ ਤੁਹਾਨੂੰ ਇਸ ਕਿਤਾਬਚੇ ਦੇ ਨਾਲ ਪੜ੍ਹਨੀ ਚਾਹੀਦੀ ਹੈ ਅਤੇ ਇਹ Fasenra ਦੇ ਹਰੇਕ ਪੈਕ ਵਿੱਚ ਪਾਈ ਜਾ ਸਕਦੀ ਹੈ।

Fasenra® 360°

**ਤੁਹਾਡੇ ਇਲਾਜ ਦੇ ਸਫ਼ਰ ਵਿੱਚ ਨਿਰੰਤਰਮੌਜੂਦਾ ਸਮਰਥਨ**

**ਮਰੀਜ਼ ਹੌਟਲਾਈਨ:**
**08004 700329**

ਸੋਮਵਾਰ-ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ | ਸ਼ਨੀਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
ਕੰਮਕਾਜੀ ਘੰਟਿਆਂ ਤੋਂ ਬਾਹਰ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ ਨਾਲ ਸੰਪਰਕ ਕਰੋ, ਜਾਂ ਐਮਰਜੈਂਸੀ ਦੇ ਮਾਮਲੇ ਵਿੱਚ 999 'ਤੇ ਕਾਲ ਕਰੋ।


ਇਹ ਕਿਤਾਬਚਾ Fasenra ਦੇ ਨਿਰਮਾਤਾ, AstraZeneca ਦੁਆਰਾ ਵਿਕਸਤ ਅਤੇ ਫੰਡ ਕੀਤਾ ਗਿਆ ਹੈ।


# ਈਓਸਿਨੋਫਿਲਿਕ ਦਮਾ ਕੀ ਹੈ?

**ਈਓਸਿਨੋਫਿਲ ਇੱਕ ਕਿਸਮ ਦੇ ਚਿੱਟੇ ਖੂਨ ਦੇ ਸੈੱਲ ਹਨ। ਇਹ ਸੈੱਲ ਤੁਹਾਡੇ ਸਰੀਰ ਨੂੰ ਕੁਝ ਖਾਸ ਸੰਕ੍ਰਮਣਾਂ ਤੋਂ ਬਚਾਉਣ ਲਈ ਕੰਮ ਕਰਦੇ ਹਨ।**

ਆਮ ਤੌਰ 'ਤੇ, ਈਓਸਿਨੋਫਿਲ ਤੁਹਾਡੇ ਸਰੀਰ ਵਿੱਚ ਥੋੜ੍ਹੇ ਸਮੇਂ ਲਈ ਰਹਿੰਦੇ ਹਨ ਅਤੇ ਇੱਕ ਵਾਰ ਜਦੋਂ ਉਹ ਆਪਣਾ ਕੰਮ ਕਰ ਲੈਂਦੇ ਹਨ, ਤਾਂ ਤੁਹਾਡਾ ਸਰੀਰ ਉਨ੍ਹਾਂ ਨੂੰ ਹਟਾ ਦਿੰਦਾ ਹੈ।

ਪਰ ਈਓਸਿਨੋਫਿਲਿਕ ਦਮੇ ਵਾਲੇ ਲੋਕਾਂ ਵਿੱਚ, ਖੂਨ ਵਿੱਚ ਬਹੁਤ ਜ਼ਿਆਦਾ ਈਓਸਿਨੋਫਿਲ ਹੁੰਦੇ ਹਨ, ਜੋ ਫੇਫੜਿਆਂ ਵਿੱਚ ਚਲੇ ਜਾਂਦੇ ਹਨ, ਜਿਸ ਨਾਲ ਸੋਜਸ਼ ਹੁੰਦੀ ਹੈ ਜਿਸਦੇ ਨਤੀਜੇ ਵਜੋਂ ਸਾਹ ਲੈਣ ਵਿੱਚ ਮੁਸ਼ਕਲ ਆਉਂਦੀ ਹੈ।

ਤੁਹਾਡੇ ਡਾਕਟਰ ਨੇ ਇਹ ਸਿੱਟਾ ਕੱਢਿਆ ਹੈ ਕਿ ਤੁਹਾਡੇ ਦਮੇ ਦੇ ਲੱਛਣ ਈਓਸਿਨੋਫਿਲ ਦੇ ਉੱਚ ਪੱਧਰਾਂ ਨਾਲ ਲਿੰਕ ਹੋਏ ਹਨ।




# ਤੁਹਾਡੇ ਡਾਕਟਰ ਨੇ Fasenra ਕਿਉਂ ਲਿਖੀ ਹੈ?

**Fasenra ਗੰਭੀਰ ਈਓਸਿਨੋਫਿਲਿਕ ਦਮੇ ਲਈ ਇੱਕ ਟੀਕਾ ਲਗਾਉਣ ਯੋਗ ਇਲਾਜ ਹੈ ਜੋ ਤੁਹਾਡੇ ਸਰੀਰ ਨੂੰ ਉਹਨਾਂ ਨੂੰ ਤੁਹਾਡੇ ਖੂਨ ਅਤੇ ਫੇਫੜਿਆਂ ਤੋਂ ਖਤਮ ਕਰਨ ਵਿੱਚ ਮਦਦ ਕਰਦੇ ਹੋਏ, ਸਿੱਧੇ ਤੌਰ 'ਤੇ ਈਓਸਿਨੋਫਿਲ ਨੂੰ ਨਿਸ਼ਾਨਾ ਬਣਾਉਂਦਾ ਹੈ।**

ਇਹ ਸ਼ਾਇਦ ਤੁਹਾਨੂੰ ਹੋਣ ਵਾਲੇ ਦਮੇ ਦੇ ਦੌਰੇ ਦੀ ਗਿਣਤੀ ਵਿੱਚ ਕਮੀ ਕਰ ਸਕਦਾ ਹੈ, ਤੁਹਾਨੂੰ ਬਿਹਤਰ ਸਾਹ ਲੈਣ ਵਿੱਚ ਮਦਦ ਕਰ ਸਕਦਾ ਹੈ ਅਤੇ ਤੁਹਾਡੇ ਦਮੇ ਦੇ ਲੱਛਣਾਂ ਨੂੰ ਘਟਾ ਸਕਦਾ ਹੈ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਡਾਕਟਰ ਦੁਆਰਾ ਤਜਵੀਜ਼ ਕੀਤੇ ਗਏ ਕਿਸੇ ਵੀ ਹੋਰ ਦਮੇ ਦੇ ਇਲਾਜ (ਇਨਹੇਲਰ/ਗੋਲੀਆਂ) ਨੂੰ ਲੈਂਦੇ ਰਹੋ।




**ਜੇਕਰ ਤੁਸੀਂ 'ਓਰਲ ਕੋਰਟੀਕੋਸਟੀਰੋਇਡਜ਼' ਲੈ ਰਹੇ ਹੋ, ਤਾਂ Fasenra ਦੀ ਵਰਤੋਂ ਸ਼ਾਇਦ ਤੁਹਾਨੂੰ ਆਪਣੇ ਦਮੇ ਨੂੰ ਕੰਟਰੋਲ ਕਰਨ ਲਈ ਲੋੜੀਂਦੀ ਰੋਜ਼ਾਨਾ ਖੁਰਾਕ ਘਟਾਉਣ ਜਾਂ ਉਹਨਾਂ ਨੂੰ ਪੂਰੀ ਤਰ੍ਹਾਂ ਲੈਣਾ ਬੰਦ ਕਰਨ ਦੀ ਆਗਿਆ ਦੇ ਸਕਦੀ ਹੈ। ਤੁਹਾਨੂੰ ਇਸ ਬਾਰੇ ਆਪਣੇ ਡਾਕਟਰ ਦੀ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ।**

# ਤੁਸੀਂ ਆਪਣੇ Fasenra ਟੀਕੇ ਕਿਵੇਂ ਪ੍ਰਾਪਤ ਕਰੋਗੇ?

**ਇੱਕ ਡਾਕਟਰ, ਨਰਸ ਜਾਂ ਹੋਰ ਸਿਹਤ ਸੰਭਾਲ ਪੇਸ਼ੇਵਰ ਤੁਹਾਡੀ ਬਾਂਹ ਦੇ ਉੱਪਰਲੇ ਹਿੱਸੇ, ਪੇਟ ਜਾਂ ਪੱਟ ਵਿੱਚ ਚਮੜੀ ਦੇ ਹੇਠਾਂ ਟੀਕੇ ਲਗਾਏਗਾ।**

ਜਦੋਂ ਤੱਕ ਤੁਹਾਨੂੰ ਤੁਹਾਡੇ ਡਾਕਟਰ ਜਾਂ ਨਰਸ ਦੁਆਰਾ ਕੁਝ ਵੱਖਰਾ ਨਹੀਂ ਦੱਸਿਆ ਜਾਂਦਾ, ਤੁਹਾਡਾ ਇਲਾਜ ਸਮਾਂ-ਸਾਰਣੀ ਹੇਠਾਂ ਦਰਸਾਏ ਅਨੁਸਾਰ ਹੋਵੇਗੀ:

## Fasenra ਨਾਲ ਤੁਹਾਡੇ ਇਲਾਜ ਦਾ ਪਹਿਲਾ ਸਾਲ




**ਜੇਕਰ ਤੁਸੀਂ ਆਪਣੀ Fasenra ਅਪੌਇੰਟਮੈਂਟ ਤੇ ਨਹੀਂ ਲੈਜਾ ਸਕਦੇ ਜਾਂ Fasenra ਦੀ ਇੱਕ ਖੁਰਾਕ ਖੁੰਝਾ ਦਿੱਤੀ ਹੈ:** ਤਾਂ ਆਪਣੀ ਅਪੌਇੰਟਮੈਂਟ ਦੁਬਾਰਾ ਤੈਅ ਕਰਨ ਲਈ ਜਿੰਨੀ ਜਲਦੀ ਹੋ ਸਕੇ ਆਪਣੇ ਡਾਕਟਰ ਜਾਂ ਨਰਸ ਨਾਲ ਸੰਪਰਕ ਕਰੋ।

**Fasenra ਨਾਲ ਇਲਾਜ ਬੰਦ ਕਰਨਾ:** ਜਦੋਂ ਤੱਕ ਤੁਹਾਡਾ ਡਾਕਟਰ ਤੁਹਾਨੂੰ ਸਲਾਹ ਨਹੀਂ ਦਿੰਦਾ, Fasenra ਨਾਲ ਇਲਾਜ ਬੰਦ ਨਾ ਕਰੋ। Fasenra ਨਾਲ ਇਲਾਜ ਵਿੱਚ ਵਿਘਨ ਪਾਉਣ ਜਾਂ ਬੰਦ ਕਰਨ ਨਾਲ ਤੁਹਾਡੇ ਦਮੇ ਦੇ ਲੱਛਣ ਅਤੇ ਦੌਰੇ ਵਾਪਸ ਆ ਸਕਦੇ ਹਨ।

# ਕੀ Fasenra ਇਲਾਜ ਦੇ ਕੋਈ ਮਾੜੇ ਪ੍ਰਭਾਵ ਹਨ?

**ਸਾਰੀਆਂ ਦਵਾਈਆਂ ਵਾਂਗ, ਇਹ ਸੰਭਵ ਹੈ ਕਿ ਤੁਹਾਨੂੰ Fasenra ਇਲਾਜ ਨਾਲ ਕੁਝ ਮਾੜੇ ਪ੍ਰਭਾਵਾਂ ਦਾ ਅਨੁਭਵ ਹੋ ਸਕਦਾ ਹੈ ਪਰ ਹਰ ਕਿਸੇ ਨੂੰ ਅਜਿਹਾ ਨਹੀਂ ਹੁੰਦਾ।**

ਆਮ ਮਾੜੇ ਪ੍ਰਭਾਵ, ਜੋ 10 ਵਿੱਚੋਂ 1 ਦਮੇ ਦੇ ਮਰੀਜ਼ਾਂ ਤੱਕ ਨੂੰ ਪ੍ਰਭਾਵਿਤ ਕਰ ਸਕਦੇ ਹਨ, ਵਿੱਚ ਇਹ ਸ਼ਾਮਲ ਹਨ:

- ਸਿਰ ਦਰਦ
- ਫੈਰੀਨਜਾਈਟਿਸ (ਕੰਠ ਵਿੱਚ ਜ਼ਖਮ)
- ਬੁਖਾਰ (ਉੱਚ ਤਾਪਮਾਨ)
- ਟੀਕੇ ਵਾਲੀ ਥਾਂ 'ਤੇ ਪ੍ਰਤੀਕਿਰਿਆ (ਜਿਵੇਂ ਕਿ ਟੀਕਾ ਲਗਾਏ ਜਾਣ ਵਾਲੀ ਥਾਂ ਦੇ ਨੇੜੇ ਦਰਦ, ਲਾਲੀ, ਖੁਜਲੀ, ਸੋਜ)

**ਕੁਝ ਲੋਕਾਂ ਨੂੰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਹੋ ਸਕਦੀਆਂ ਹਨ।**

ਇਹ ਪ੍ਰਤੀਕ੍ਰਿਆਵਾਂ ਆਮ ਹਨ (ਇਹ 10 ਵਿੱਚੋਂ 1 ਵਿਅਕਤੀ ਤੱਕ ਨੂੰ ਪ੍ਰਭਾਵਿਤ ਕਰ ਸਕਦੇ ਹਨ)

ਲੱਛਣਾਂ ਵਿੱਚ ਇਹ ਆਮ ਤੌਰ 'ਤੇ ਸ਼ਾਮਲ ਹੁੰਦੇ ਹਨ:

- ਛਪਾਕੀ
- ਧੱਫੜ

**ਜੇਕਰ ਤੁਹਾਨੂੰ ਕੋਈ ਮਾੜੇ ਪ੍ਰਭਾਵ ਅਨੁਭਵ ਹੁੰਦੇ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ ਨਾਲ ਗੱਲ ਕਰੋ**

ਕੁਝ ਮਾਮਲਿਆਂ ਵਿੱਚ, ਮਰੀਜ਼ ਨੂੰ ਐਨਾਫਾਈਲੈਕਸਿਸ ਵਜੋਂ ਜਾਣੀ ਜਾਂਦੀ ਗੰਭੀਰ ਐਲਰਜੀ ਵਾਲੀ ਪ੍ਰਤੀਕ੍ਰਿਆ ਦਾ ਅਨੁਭਵ ਹੋ ਸਕਦਾ ਹੈ।

ਹਾਲਾਂਕਿ, ਉਪਲਬਧ ਡੇਟਾ ਦੁਆਰਾ ਬਾਰੰਬਾਰਤਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਲੱਛਣਾਂ ਵਿੱਚ ਇਹ ਆਮ ਤੌਰ 'ਤੇ ਸ਼ਾਮਲ ਹੁੰਦੇ ਹਨ:

- ਤੁਹਾਡੇ ਚਿਹਰੇ, ਜੀਭ, ਜਾਂ ਮੂੰਹ ਦੀ ਸੋਜ
- ਸਾਹ ਲੈਣ ਵਿੱਚ ਸਮੱਸਿਆਵਾਂ
- ਬੇਹੋਸ਼ੀ, ਚੱਕਰ ਆਉਣਾ, ਸਿਰ ਹਲਕਾ ਮਹਿਸੂਸ ਹੋਣਾ (ਬਲੱਡ ਪ੍ਰੈਸ਼ਰ ਘੱਟ ਹੋਣ ਕਾਰਨ)

**ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਐਲਰਜੀ ਵਾਲੀ ਪ੍ਰਤੀਕ੍ਰਿਆ ਹੋ ਸਕਦੀ ਹੈ ਤਾਂ ਤੁਰੰਤ ਡਾਕਟਰੀ ਤਵੱਜੋ ਲਓ।**

**ਅਜਿਹੀਆਂ ਪ੍ਰਤੀਕ੍ਰਿਆਵਾਂ ਟੀਕੇ ਤੋਂ ਬਾਅਦ ਘੰਟਿਆਂ ਜਾਂ ਦਿਨਾਂ ਦੇ ਅੰਦਰ-ਅੰਦਰ ਹੋ ਸਕਦੀਆਂ ਹਨ।**

ਕਿਰਪਾ ਕਰਕੇ ਸੰਭਾਵੀ ਮਾੜੇ ਪ੍ਰਭਾਵਾਂ 'ਤੇ ਹੋਰ ਜਾਣਕਾਰੀ ਲਈ Fasenra ਪੈਕ ਵਿੱਚ ਮਰੀਜ਼ ਜਾਣਕਾਰੀ ਲੀਫ਼ਲੈਟ ਵੇਖੋ।

# ਆਪਣੇ ਡਾਕਟਰ ਨੂੰ ਦੱਸਣਾ ਕਿ ਤੁਹਾਡਾ ਇਲਾਜ ਕਿਵੇਂ ਚੱਲ ਰਿਹਾ ਹੈ

**ਤੁਹਾਡਾ ਡਾਕਟਰ ਜਾਂ ਨਰਸ ਜਾਣਨਾ ਚਾਹੁਣਗੇ ਕਿ ਕੀ ਤੁਹਾਡੇ ਦਮੇ ਦੇ ਲੱਛਣਾਂ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਕੀ ਉਹ ਤੁਹਾਡੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ।**

ਆਪਣੀ ਅਪੋਇੰਟਮੈਂਟ ਤੋਂ ਪਹਿਲਾਂ, ਹੇਠਾਂ ਦਿੱਤੇ ਨੁਕਤਿਆਂ ਬਾਰੇ ਸੋਚਣ ਲਈ ਕੁਝ ਮਿੰਟ ਬਿਤਾਓ ਤਾਂ ਜੋ ਤੁਸੀਂ ਉਹਨਾਂ ਨੂੰ ਤੁਸੀਂ ਕਿਵੇਂ ਚੱਲ ਰਹੇ ਹੋ ਦੀ ਇੱਕ ਚੰਗੀ ਸਮੁੱਚੀ ਤਸਵੀਰ ਦੇ ਸਕੋ।



### ਸਾਹ ਲੈਣਾ

ਕੀ ਤੁਸੀਂ ਖੰਘ ਜਾਂ ਘਰਘਰਾਹਟ ਕਰ ਰਹੇ ਹੋ?



### ਨੀਂਦ

ਕੀ ਤੁਹਾਡਾ ਦਮਾ ਤੁਹਾਨੂੰ ਇੱਕ ਚੰਗੀ ਰਾਤ ਦੀ ਨੀਂਦ ਲੈਣ ਤੋਂ ਰੋਕ ਰਿਹਾ ਹੈ?



### ਦਮੇ ਦੇ ਦੌਰੇ

ਤੁਹਾਨੂੰ ਕੋਲ ਕਿੰਨੀਆਂ (ਜੇ ਕੋਈ ਹਨ) ਹੋਈਆਂ ਹਨ?

ਉਹ ਕਿੰਨੀਆਂ ਬੁਰੀਆਂ ਸਨ?



### ਰੋਜ਼ਾਨਾ ਦੀਆਂ ਗਤੀਵਿਧੀਆਂ

ਕੀ ਤੁਸੀਂ ਹੁਣ ਕੁਝ ਖਾਸ ਗਤੀਵਿਧੀਆਂ (ਜਿਵੇਂ ਕਿ ਖਰੀਦਦਾਰੀ, ਸੈਰ ਲਈ ਜਾਣਾ) ਕਰਨ ਦੇ ਵਧੇਰੇ ਸਮਰੱਥ ਹੋ, ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਨਾਲੋਂ?

ਕੀ ਤੁਸੀਂ ਕੁਝ ਖਾਸ ਗਤੀਵਿਧੀਆਂ ਵਿੱਚ ਕੋਈ ਮੁਸ਼ਕਲ ਅਨੁਭਵ ਕਰ ਰਹੇ ਹੋ?



### ਦਵਾਈ

ਕੀ ਤੁਸੀਂ ਆਪਣਾ ਪ੍ਰੀਵੈਂਟਰ ਇਨਹੇਲਰ ਹਦਾਇਤ ਅਨੁਸਾਰ ਲੈ ਰਹੇ ਹੋ?

ਤੁਸੀਂ ਆਪਣੇ ਰਿਲੀਵਰ ਇਨਹੇਲਰ ਦੀ ਵਰਤੋਂ ਕਿੰਨੀ ਵਾਰ ਕਰ ਰਹੇ ਹੋ?

ਤੁਸੀਂ ਕਿੰਨੀਆਂ ਕੋਰਟੀਕੋਸਟੀਰੋਇਡ ਗੋਲੀਆਂ ਲੈ ਰਹੇ ਹੋ?

# ਵਧੇਰੇ ਜਾਣਕਾਰੀ ਕਿੱਥੋਂ ਮਿਲਸਕਦੀ ਹੈ

ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਤੁਹਾਨੂੰ ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ ਨਾਲ ਗੱਲ ਕਰਨੀ ਚਾਹੀਦੀ ਹੈ। ਤੁਹਾਨੂੰ ਮਰੀਜ਼ ਜਾਣਕਾਰੀ ਲੀਫ਼ਲੈਟ ਵੀ ਪੜ੍ਹਨਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਲਾਭਦਾਇਕ ਜਾਣਕਾਰੀ ਹੈ। ਤੁਸੀਂ Fasenra ਦੇ ਹਰੇਕ ਪੈਕ ਵਿੱਚ ਮਰੀਜ਼ ਜਾਣਕਾਰੀ ਲੀਫ਼ਲੈਟ ਲੱਭ ਸਕਦੇ ਹੋ।

# ਸਵੈ-ਪ੍ਰਬੰਧਨ
# FASENRA ® (benralizumab)
# ਪਹਿਲਾਂ ਤੋਂ ਭਰਿਆ ਹੋਇਆ ਪੈੱਨ

ਆਪਣੇ Fasenra ਪੈੱਨ ਦੀ ਵਰਤੋਂ ਕਰਨ ਤੋਂ ਪਹਿਲਾਂ, ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਤੁਹਾਨੂੰ ਜਾਂ ਤੁਹਾਡੇ ਦੇਖਭਾਲਕਰਤਾ ਨੂੰ ਦਿਖਾਉਣਾ ਚਾਹੀਦਾ ਹੈ ਕਿ ਇਸਨੂੰ ਸਹੀ ਢੰਗ ਨਾਲ ਕਿਵੇਂ ਵਰਤਣਾ ਹੈ।

**ਆਪਣੇ Fasenra ਪੈੱਨ ਦੀ ਵਰਤੋਂ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਹਰ ਵਾਰ ਜਦੋਂ ਤੁਸੀਂ ਇਸਨੂੰ ਦੁਬਾਰਾ ਭਰਦੇ ਹੋ ਤਾਂ ਇਸ 'ਵਰਤੋਂ ਲਈ ਹਦਾਇਤਾਂ' ਨੂੰ ਪੜ੍ਹੋ।** ਨਵੀਂ ਜਾਣਕਾਰੀ ਹੋ ਸਕਦੀ ਹੈ। ਇਹ ਜਾਣਕਾਰੀ ਤੁਹਾਡੀ ਡਾਕਟਰੀ ਸਥਿਤੀ ਜਾਂ ਤੁਹਾਡੇ ਇਲਾਜ ਬਾਰੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨ ਦੀ ਥਾਂ ਨਹੀਂ ਲੈਂਦੀ।

ਜੇਕਰ ਤੁਹਾਡੇ ਜਾਂ ਤੁਹਾਡੇ ਦੇਖਭਾਲਕਰਤਾ ਦੇ ਕੋਈ ਸਵਾਲ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਮਹੱਤਵਪੂਰਨ ਜਾਣਕਾਰੀ

**Fasenra ਨੂੰ ਫਰਿੱਜ ਵਿੱਚ 2°C ਤੋਂ 8°C ਦੇ ਵਿਚਕਾਰ ਇਸਦੇ ਡੱਬੇ ਵਿੱਚ ਰੱਖੋ ਜਦੋਂ ਤੱਕ ਤੁਸੀਂ ਇਸਨੂੰ ਵਰਤਣ ਲਈ ਤਿਆਰ ਨਹੀਂ ਹੋ ਜਾਂਦੇ।** Fasenra ਨੂੰ ਵੱਧ ਤੋਂ ਵੱਧ 14 ਦਿਨਾਂ ਲਈ ਕਮਰੇ ਦੇ ਤਾਪਮਾਨ 'ਤੇ 25°C ਤੱਕ ਰੱਖਿਆ ਜਾ ਸਕਦਾ ਹੈ। ਫਰਿੱਜ ਤੋਂ ਹਟਾਉਣ ਤੋਂ ਬਾਅਦ, Fasenra ਨੂੰ 14 ਦਿਨਾਂ ਦੇ ਅੰਦਰ ਵਰਤਿਆ ਜਾਣਾ ਚਾਹੀਦਾ ਹੈ ਜਾਂ ਸੁੱਟ ਦੇਣਾ ਚਾਹੀਦਾ ਹੈ

| ਆਪਣੇ Fasenra ਪੈੱਨ ਦੀ ਵਰਤੋਂ **ਨਾ ਕਰੋ ਜੇਕਰ:** | **ਇਹ ਨਾ ਕਰੋ:** |
|---|---|
| • ਇਹ ਜੰਮ ਗਿਆ ਹੈ<br>• ਇਹ ਡਿੱਗ ਗਿਆ ਹੈ ਜਾਂ ਖਰਾਬ ਹੋ ਗਿਆ ਹੈ<br>• ਡੱਬੇ 'ਤੇ ਲੱਗੀ ਸੁਰੱਖਿਆ ਮੋਹਰ ਟੁੱਟ ਗਈ ਹੈ<br>• ਮਿਆਦ ਪੁੱਗਣ ਦੀ ਮਿਤੀ (expiry date, EXP) ਲੰਘ ਗਈ ਹੈ | • ਆਪਣੇ Fasenra ਪੈੱਨ ਨੂੰ ਹਿਲਾਓ<br>• ਆਪਣੇ Fasenra ਪੈੱਨ ਨੂੰ ਸਾਂਝਾ ਕਰੋ ਜਾਂ ਦੁਬਾਰਾ ਵਰਤੋਂ ਕਰੋ |


ਜੇਕਰ ਉਪਰੋਕਤ ਵਿੱਚੋਂ ਕੋਈ ਵੀ ਵਾਪਰਦਾ ਹੈ, ਤਾਂ Fasenra ਪੈੱਨ ਨੂੰ ਪੰਕਚਰ-ਰੋਧਕ ਸ਼ਾਰਪਸ ਕੰਟੇਨਰ ਵਿੱਚ ਸੁੱਟ ਦਿਓ ਅਤੇ ਇੱਕ ਨਵਾਂ Fasenra ਪੈੱਨ ਵਰਤੋ।

ਹਰੇਕ Fasenra ਪੈੱਨ ਵਿੱਚ Fasenra ਦੀ 1 ਖੁਰਾਕ ਹੁੰਦੀ ਹੈ ਜੋ ਸਿਰਫ ਇੱਕ-ਵਾਰ ਵਰਤੋਂ ਲਈ ਹੈ।

Fasenra ਅਤੇ ਸਾਰੀਆਂ ਦਵਾਈਆਂ ਨੂੰ ਬੱਚਿਆਂ ਦੀ ਨਜ਼ਰ ਅਤੇ ਪਹੁੰਚ ਤੋਂ ਦੂਰ ਰੱਖੋ।

## ਤੁਹਾਡੇ Fasenra ਪੈੱਨ ਦੀ ਵਰਤੋਂ ਲਈ ਹਦਾਇਤਾਂ

ਜਦੋਂ ਤੱਕ ਤੁਸੀਂ ਇਹਨਾਂ ਹਦਾਇਤਾਂ ਦੇ ਪੜਾਅ 6 'ਤੇ ਨਹੀਂ ਪਹੁੰਚ ਜਾਂਦੇ ਅਤੇ Fasenra ਦਾ ਟੀਕਾ ਲਗਾਉਣ ਲਈ ਤਿਆਰ ਨਹੀਂ ਹੋ ਜਾਂਦੇ, ਉਦੋਂ ਤੱਕ ਕੈਪ ਨੂੰ **ਨਾ** ਹਟਾਓ।



## ਕਦਮ 1 - ਸਪਲਾਈ ਇਕੱਠੀ ਕਰੋ

- ਫਰਿੱਜ ਵਿੱਚੋਂ 1 Fasenra ਪੈੱਨ
- 1 ਅਲਕੋਹਲ ਵਾਈਪ
- 1 ਰੂੰ ਦੇ ਗੋਲੇ ਜਾਂ ਜਾਲੀਦਾਰ
- 1 ਪੰਕਚਰ-ਰੋਧਕ ਸ਼ਾਰਪਸ ਕੰਟੇਨਰ।
  (ਕਦਮ 10 ਵੇਖੋ – ਵਰਤੇ ਗਏ Fasenra ਪੈੱਨ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਓ)



Fasenra ਪੈੱਨ



ਅਲਕੋਹਲ ਵਾਈਪ



ਰੂੰ ਦੇ ਗੋਲੇ ਜਾਂ ਜਾਲੀਦਾਰ



ਸ਼ਾਰਪਸ ਕੰਟੇਨਰ

## ਕਦਮ 2 - ਆਪਣੇ Fasenra ਪੈੱਨ ਦੀ ਵਰਤੋਂ ਕਰਨ ਲਈ ਤਿਆਰ ਹੋਵੋ

**ਮਿਆਦ ਪੁੱਗਣ ਦੀ ਮਿਤੀ (EXP) ਦੀ ਜਾਂਚ ਕਰੋ। ਜੇਕਰ ਮਿਆਦ ਪੁੱਗਣ ਦੀ ਮਿਤੀ ਲੰਘ ਗਈ ਹੈ ਤਾਂ ਵਰਤੋਂ ਨਾ ਕਰੋ।**

**ਟੀਕਾ ਲਗਾਉਣ ਤੋਂ ਪਹਿਲਾਂ, ਪਹਿਲਾਂ ਤੋਂ ਭਰੇ ਹੋਏ ਪੈੱਨ ਨੂੰ ਕਮਰੇ ਦੇ ਤਾਪਮਾਨ 20 °C ਤੋਂ 25 °C ਤੱਕ ਪਹੁੰਚਣ ਦਿਓ, ਡੱਬੇ ਨੂੰ ਲਗਭਗ 30 ਮਿੰਟਾਂ ਲਈ ਫਰਿੱਜ ਤੋਂ ਬਾਹਰ ਛੱਡ ਦਿਓ।**

Fasenra ਪੈੱਨ ਨੂੰ ਕਿਸੇ ਹੋਰ ਤਰੀਕੇ ਨਾਲ ਗਰਮ **ਨਾ** ਕਰੋ। ਉਦਾਹਰਣ ਵਜੋਂ, ਇਸਨੂੰ ਮਾਈਕ੍ਰੋਵੇਵ ਜਾਂ ਗਰਮ ਪਾਣੀ ਵਿੱਚ ਗਰਮ ਨਾ ਕਰੋ, ਜਾਂ ਇਸਨੂੰ ਹੋਰ ਗਰਮੀ ਸਰੋਤਾਂ ਦੇ ਨੇੜੇ ਨਾ ਰੱਖੋ।

ਫਰਿੱਜ ਵਿੱਚੋਂ ਕੱਢਣ ਦੇ 14 ਦਿਨਾਂ ਦੇ ਅੰਦਰ-ਅੰਦਰ Fasenra ਦੀ ਵਰਤੋਂ ਕਰੋ।

ਜਦੋਂ ਤੱਕ ਤੁਸੀਂ ਕਦਮ 6 'ਤੇ ਨਹੀਂ ਪਹੁੰਚ ਜਾਂਦੇ, ਉਦੋਂ ਤੱਕ ਕੈਪ ਨੂੰ **ਨਾ** ਹਟਾਓ।





## ਕਦਮ 3 - ਤਰਲ ਦੀ ਜਾਂਚ ਕਰੋ

**ਦੇਖਣ ਵਾਲੀ ਖਿੜਕੀ ਰਾਹੀਂ Fasenra ਪੈੱਨ ਵਿੱਚ ਤਰਲ ਨੂੰ ਦੇਖੋ।**
ਤਰਲ ਸਾਫ਼ ਅਤੇ ਰੰਗਹੀਣ ਤੋਂ ਪੀਲਾ ਹੋਣਾ ਚਾਹੀਦਾ ਹੈ। ਇਸ ਵਿੱਚ ਛੋਟੇ ਚਿੱਟੇ ਕਣ ਹੋ ਸਕਦੇ ਹਨ।

ਜੇਕਰ ਤਰਲ ਬੱਦਲਵਾਈ ਹੋਵੇ, ਰੰਗ ਫਿੱਕਾ ਹੋਵੇ, ਜਾਂ ਇਸ ਵਿੱਚ ਵੱਡੇ ਕਣ ਹੋਣ ਤਾਂ Fasenra ਦਾ ਟੀਕਾ **ਨਾ** ਲਗਾਓ।

ਤੁਸੀਂ ਤਰਲ ਵਿੱਚ ਇੱਕ ਛੋਟਾ ਜਿਹਾ ਹਵਾ ਦਾ ਬੁਲਬੁਲਾ ਦੇਖ ਸਕਦੇ ਹੋ। ਇਹ ਆਮ ਗੱਲ ਹੈ। ਤੁਹਾਨੂੰ ਇਸ ਬਾਰੇ ਕੁਝ ਕਰਨ ਦੀ ਲੋੜ ਨਹੀਂ ਹੈ।



## ਕਦਮ 4 - ਟੀਕਾ ਲਗਾਉਣ ਵਾਲੀ ਥਾਂ ਚੁਣੋ


ਸਿਫ਼ਾਰਸ਼ ਕੀਤੀ ਗਈ ਟੀਕੇ ਵਾਲੀ ਥਾਂ ਤੁਹਾਡੇ ਪੱਟ ਦਾ ਅਗਲਾ ਹਿੱਸਾ ਹੈ। ਤੁਸੀਂ ਆਪਣੇ ਪੇਟ ਦੇ ਹੇਠਲੇ ਹਿੱਸੇ ਦੀ ਵਰਤੋਂ ਵੀ ਕਰ ਸਕਦੇ ਹੋ।

### ਟੀਕਾ ਨਾ ਲਗਾਓ:

- ਆਪਣੇ ਢਿੱਡ ਦੇ ਬਟਨ ਦੇ ਆਲੇ-ਦੁਆਲੇ 5 cm ਦੇ ਖੇਤਰ ਵਿੱਚ
- ਜਿੱਥੇ ਚਮੜੀ ਨਰਮ, ਝਰੀਟ ਵਾਲੀ, ਖੁਰਲੀ ਵਾਲੀ ਜਾਂ ਸਖ਼ਤ ਹੋਵੇ
- ਦਾਗਾਂ ਜਾਂ ਖਰਾਬ ਚਮੜੀ ਵਿੱਚ
- ਕੱਪੜਿਆਂ ਰਾਹੀਂ

ਦੇਖਭਾਲਕਰਤਾ ਤੁਹਾਨੂੰ ਉੱਪਰਲੀ-ਬਾਂਹ, ਪੱਟ, ਜਾਂ ਪੇਟ ਵਿੱਚ ਟੀਕਾ ਲਗਾ ਸਕਦਾ ਹੈ। ਆਪਣੇ ਆਪ ਨੂੰ ਬਾਂਹ ਵਿੱਚ ਟੀਕਾ ਲਗਾਉਣ ਦੀ ਕੋਸ਼ਿਸ਼ **ਨਾ** ਕਰੋ।

ਹਰੇਕ ਟੀਕੇ ਲਈ, ਇੱਕ ਵੱਖਰੀ ਥਾਂ ਚੁਣੋ ਜੋ ਤੁਹਾਡੇ ਆਖਰੀ ਟੀਕੇ ਦੇ ਸਥਾਨ ਤੋਂ ਘੱਟੋ ਘੱਟ 3 cm ਦੂਰ ਹੋਵੇ।





## ਕਦਮ 5 - ਟੀਕੇ ਵਾਲੀ ਥਾਂ ਨੂੰ ਸਾਫ਼ ਕਰੋ

ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।

ਟੀਕੇ ਵਾਲੀ ਥਾਂ ਨੂੰ ਇੱਕ ਗੋਲ ਮੋਸ਼ਨ ਵਿੱਚ ਅਲਕੋਹਲ ਵਾਈਪ ਨਾਲ ਸਾਫ਼ ਕਰੋ। ਇਸਨੂੰ ਹਵਾ ਵਿੱਚ ਸੁੱਕਣ ਦਿਓ।

ਟੀਕਾ ਲਗਾਉਣ ਤੋਂ ਪਹਿਲਾਂ ਸਾਫ਼ ਕੀਤੇ ਖੇਤਰ ਨੂੰ **ਨਾ** ਛੂਹੋ।
ਸਾਫ਼ ਕੀਤੇ ਖੇਤਰ 'ਤੇ ਪੱਖਾ ਨਾ ਚਲਾਓ ਅਤੇ **ਨਾ** ਹੀ ਫੂਕ ਮਾਰੋ।



## ਕਦਮ 6 - ਕੈਪ ਉਤਾਰੋ

Fasenra ਪੈੱਨ ਨੂੰ ਇੱਕ ਹੱਥ ਨਾਲ ਫੜੋ। ਧਿਆਨ ਨਾਲ ਆਪਣੇ ਦੂਜੇ ਹੱਥ ਨਾਲ ਕੈਪ ਨੂੰ ਸਿੱਧਾ ਖਿੱਚੋ।


ਬਾਅਦ ਵਿੱਚ ਸੁੱਟਣ ਲਈ ਕੈਪ ਨੂੰ ਇੱਕ ਪਾਸੇ ਰੱਖੋ।

ਹਰੀ ਸੂਈ ਗਾਰਡ ਹੁਣ ਫ਼ਾਸ਼ ਹੋ ਗਿਆ ਹੈ। ਇਹ ਤੁਹਾਨੂੰ ਸੂਈ ਨੂੰ ਛੂਹਣ ਤੋਂ ਰੋਕਣ ਲਈ ਉੱਥੇ ਹੈ।

ਸੂਈ ਨੂੰ ਛੂਹਣ ਜਾਂ ਆਪਣੀ ਉਂਗਲੀ ਨਾਲ ਸੂਈ ਗਾਰਡ ਨੂੰ ਦਬਾਉਣ ਦੀ ਕੋਸ਼ਿਸ਼ **ਨਾ** ਕਰੋ।

Fasenra ਪੈੱਨ 'ਤੇ ਕੈਪ ਵਾਪਸ ਲਗਾਉਣ ਦੀ ਕੋਸ਼ਿਸ਼ **ਨਾ** ਕਰੋ। ਤੁਸੀਂ ਟੀਕਾ ਬਹੁਤ ਜਲਦੀ ਲਗਾਉਣ ਦਾ ਕਾਰਨ ਬਣ ਸਕਦੇ ਹੋ ਜਾਂ ਸੂਈ ਨੂੰ ਨੁਕਸਾਨ ਪਹੁੰਚਾ ਸਕਦੇ ਹੋ।

ਕੈਪ ਹਟਾਉਣ ਤੋਂ ਤੁਰੰਤ ਬਾਅਦ ਹੇਠਾਂ ਦਿੱਤੇ ਕਦਮ ਪੂਰੇ ਕਰੋ।




## ਕਦਮ 7 - Fasenra ਦਾ ਟੀਕਾ ਲਗਾਓ

ਟੀਕਾ ਕਿਵੇਂ ਲਗਾਉਣਾ ਹੈ ਇਸ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀਆਂ ਹਦਾਇਤਾਂ ਦੀ ਪਾਲਣਾ ਕਰੋ। ਤੁਸੀਂ ਜਾਂ ਤਾਂ ਟੀਕੇ ਵਾਲੀ ਥਾਂ 'ਤੇ ਹੌਲੀ-ਹੌਲੀ ਚੂੰਢੀ ਮਾਰ ਸਕਦੇ ਹੋ ਜਾਂ ਚਮੜੀ ਨੂੰ ਚੂੰਢੀ ਮਾਰੇ ਬਿਨਾਂ ਟੀਕਾ ਲਗਾ ਸਕਦੇ ਹੋ।

ਚਿੱਤਰ **a, b, c** ਅਤੇ **d** ਵਿੱਚ ਦਿੱਤੇ ਕਦਮਾਂ ਦੀ ਪਾਲਣਾ ਕਰਕੇ Fasenra ਟੀਕਾ ਲਗਾਓ।


ਪੂਰੇ ਟੀਕੇ ਦੌਰਾਨ Fasenra ਪੈੱਨ ਨੂੰ ਹੋਲ੍ਡ ਕਰ ਕੇ ਰੱਖੋ।
ਟੀਕਾ ਸ਼ੁਰੂ ਹੋਣ ਤੋਂ ਬਾਅਦ Fasenra ਪੈੱਨ ਦੀ ਸਥਿਤੀ **ਨਾ** ਬਦਲੋ।




A

**Fasenra ਪੈੱਨ ਨੂੰ ਟੀਕੇ ਵਾਲੀ ਥਾਂ 'ਤੇ ਰੱਖੋ।**


Fasenra ਪੈੱਨ ਦੇ ਸੂਈ ਗਾਰਡ ਨੂੰ ਆਪਣੀ ਚਮੜੀ ਦੇ ਵਿਰੁੱਧ ਫਲੈਟ (90-ਡਿਗਰੀ ਦੇ ਕੋਣ 'ਤੇ) ਰੱਖੋ। ਯਕੀਨੀ ਬਣਾਓ ਕਿ ਤੁਸੀਂ ਦੇਖਣ ਵਾਲੀ ਖਿੜਕੀ ਦੇਖ ਸਕਦੇ ਹੋ।



B

**ਮਜ਼ਬੂਤੀ ਨਾਲ ਦਬਾਓ।**


ਤੁਹਾਨੂੰ ਇੱਕ ਕਲਿੱਕ ਦੀ ਆਵਾਜ਼ ਸੁਣਾਈ ਦੇਵੇਗੀ। ਇੱਕ **'ਕਲਿੱਕ'** ਤੁਹਾਨੂੰ ਦੱਸਦਾ ਹੈ ਕਿ ਟੀਕਾ ਸ਼ੁਰੂ ਹੋ ਗਿਆ ਹੈ। ਟੀਕਾ ਲਗਾਉਣ ਦੌਰਾਨ ਹਰਾ ਪਲੰਜਰ ਦੇਖਣ ਵਾਲੀ ਖਿੜਕੀ ਵਿੱਚ ਹੇਠਾਂ ਵੱਲ ਜਾਵੇਗਾ।




C

**15 ਸਕਿੰਟਾਂ ਲਈ ਮਜ਼ਬੂਤੀ ਨਾਲ ਹੋਲਡ ਕਰਕੇ ਰੱਖੋ।**

ਤੁਹਾਨੂੰ ਦੂਜੀ ਵਾਰ **'ਕਲਿੱਕ'** ਦੀ ਆਵਾਜ਼ ਸੁਣਾਈ ਦੇਵੇਗੀ। ਦੂਜਾ ਕਲਿੱਕ ਤੁਹਾਨੂੰ ਦੱਸਦਾ ਹੈ ਕਿ ਟੀਕਾ ਪੂਰਾ ਹੋ ਗਿਆ ਹੈ। ਹਰਾ ਪਲੰਜਰ ਦੇਖਣ ਵਾਲੀ ਖਿੜਕੀ ਨੂੰ ਭਰ ਦੇਵੇਗਾ।




D

**Fasenra ਪੈੱਨ ਨੂੰ ਸਿੱਧਾ ਉੱਪਰ ਚੁੱਕੋ।**

ਸੂਈ ਗਾਰਡ ਹੇਠਾਂ ਵੱਲ ਖਿਸਕ ਜਾਵੇਗਾ ਅਤੇ ਸੂਈ ਦੇ ਉੱਪਰ ਆਪਣੀ ਜਗ੍ਹਾ 'ਤੇ ਬੰਦ ਹੋ ਜਾਵੇਗਾ।


## ਕਦਮ 8 - ਦੇਖਣ ਵਾਲੀ ਖਿੜਕੀ ਦੀ ਜਾਂਚ ਕਰੋ



ਇਹ ਯਕੀਨੀ ਬਣਾਉਣ ਲਈ ਕਿ ਸਾਰਾ ਤਰਲ ਟੀਕਾ ਲਗਾਇਆ ਗਿਆ ਹੈ, ਦੇਖਣ ਵਾਲੀ ਖਿੜਕੀ ਦੀ ਜਾਂਚ ਕਰੋ।


ਜੇਕਰ ਹਰਾ ਪਲੰਜਰ ਦੇਖਣ ਵਾਲੀ ਖਿੜਕੀ ਨੂੰ ਨਹੀਂ ਭਰਦਾ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਪੂਰੀ ਖੁਰਾਕ ਨਾ ਮਿਲੀ ਹੋਵੇ। ਜੇਕਰ ਅਜਿਹਾ ਹੁੰਦਾ ਹੈ ਜਾਂ ਤੁਹਾਨੂੰ ਕੋਈ ਹੋਰ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਾਲ ਕਰੋ।

ਟੀਕੇ ਤੋਂ ਪਹਿਲਾਂ



ਟੀਕੇ ਤੋਂ ਬਾਅਦ

## ਕਦਮ 9 - ਟੀਕੇ ਵਾਲੀ ਥਾਂ ਦੀ ਜਾਂਚ ਕਰੋ



ਜਿੱਥੇ ਤੁਸੀਂ ਟੀਕਾ ਲਗਾਇਆ ਸੀ ਉੱਥੇ ਥੋੜ੍ਹੀ ਜਿਹੀ ਮਾਤਰਾ ਵਿੱਚ ਖੂਨ ਜਾਂ ਤਰਲ ਪਦਾਰਥ ਹੋ ਸਕਦਾ ਹੈ। ਇਹ ਆਮ ਗੱਲ ਹੈ।

ਖੂਨ ਵਗਣਾ ਬੰਦ ਹੋਣ ਤੱਕ ਆਪਣੀ ਚਮੜੀ 'ਤੇ ਰੂੰ ਦੇ ਗੋਲੇ ਜਾਂ ਜਾਲੀਦਾਰ ਨਾਲ ਹੌਲੀ-ਹੌਲੀ ਦਬਾਅ ਹੋਲਡ ਕਰੋ।

ਟੀਕੇ ਵਾਲੀ ਥਾਂ ਨੂੰ **ਨਾ** ਰਗੜੋ।

ਜੇ ਲੋੜ ਹੋਵੇ, ਤਾਂ ਟੀਕੇ ਵਾਲੀ ਥਾਂ ਨੂੰ ਇੱਕ ਛੋਟੀ ਜਿਹੀ ਪੱਟੀ ਨਾਲ ਢੱਕ ਦਿਓ।

## ਕਦਮ 10 - ਵਰਤੇ ਗਏ Fasenra ਪੈੱਨ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਓ



- ਹਰੇਕ Fasenra ਪੈੱਨ ਵਿੱਚ Fasenra ਦੀ ਇੱਕ ਖੁਰਾਕ ਹੁੰਦੀ ਹੈ ਅਤੇ **ਇਸਨੂੰ ਦੁਬਾਰਾ ਨਹੀਂ ਵਰਤਿਆ ਜਾ ਸਕਦਾ।**
- ਵਰਤੋਂ ਤੋਂ ਤੁਰੰਤ ਬਾਅਦ ਆਪਣੇ ਵਰਤੇ ਹੋਏ Fasenra ਪੈੱਨ ਨੂੰ ਪੰਕਚਰ-ਰੋਧਕ **ਸ਼ਾਰਪਸ ਕੰਟੇਨਰ** ਵਿੱਚ ਪਾਓ।

Fasenra ਪੈੱਨ ਨੂੰ ਆਪਣੇ ਘਰੇਲੂ ਕੂੜੇ ਵਿੱਚ **ਨਾ** ਸੁੱਟੋ।

ਕੈਪ ਅਤੇ ਹੋਰ ਵਰਤਾਈ ਗਈ ਸਪਲਾਈ ਨੂੰ ਆਪਣੇ ਘਰੇਲੂ ਕੂੜੇ ਵਿੱਚ ਸੁੱਟ ਦਿਓ।

## ਨਿਪਟਾਰੇ ਸੰਬੰਧੀ ਦਿਸ਼ਾ-ਨਿਰਦੇਸ਼

ਆਪਣੇ ਸਿਹਤ ਸੰਭਾਲ ਪ੍ਰਦਾਤਾ ਜਾਂ ਫਾਰਮਾਸਿਸਟ ਦੁਆਰਾ ਦੱਸੇ ਅਨੁਸਾਰ ਪੂਰੇ ਕੰਟੇਨਰ ਦਾ ਨਿਪਟਾਰਾ ਕਰੋ। ਆਪਣੇ ਵਰਤੇ ਹੋਏ ਸ਼ਾਰਪਸ ਕੰਟੇਨਰ ਨੂੰ ਰੀਸਾਈਕਲ **ਨਾ** ਕਰੋ।

# ਤੁਹਾਡੀ Fasenra® (benralizumab) ਗੰਭੀਰ ਦਮੇ ਦੇ ਇਲਾਜ ਦੀ ਯੋਜਨਾ

ਇਸ ਅਨੁਭਾਗ ਦੀ ਵਰਤੋਂ ਕਰਕੇ ਆਪਣੇ ਇਲਾਜ ਦੇ ਸਮਾਂ-ਸਾਰਣੀ, ਲੱਛਣਾਂ ਵਿੱਚ ਤਬਦੀਲੀਆਂ ਅਤੇ Fasenra ਨਾਲ ਇਲਾਜ ਦੌਰਾਨ ਤੁਹਾਡੀ ਸਮੁੱਚੀ ਪ੍ਰਗਤੀ ਦਾ ਧਿਆਨ ਰੱਖੋ।

ਨਾਮ:

ਡਾਕਟਰ/ਨਰਸ ਦਾ ਨਾਮ:

## Fasenra ਤੁਹਾਡੇ ਲਈ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ ਟ੍ਰੈਕ ਕਰਨਾ

**ਕਿਰਪਾ ਕਰਕੇ ਆਪਣੇ ਡਾਕਟਰ/ਨਰਸ ਦੀ ਮਦਦ ਨਾਲ ਇਸ ਅਨੁਭਾਗ ਨੂੰ ਭਰੋ**

**ਤੁਹਾਡੇ ਦਮੇ ਦੇ ਲੱਛਣਾਂ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ, ਤੁਹਾਡੇ ਡਾਕਟਰ ਨੇ Fasenra ਤਜਵੀਜ਼ ਕੀਤੀ ਹੈ।**

ਇਹ ਇਲਾਜ ਤੁਹਾਨੂੰ ਟੀਕੇ ਦੁਆਰਾ ਦਿੱਤਾ ਜਾਂਦਾ ਹੈ ਇਸ ਲਈ ਇਹ ਦੂਜੀਆਂ ਦਮੇ ਦੀਆਂ ਦਵਾਈਆਂ ਤੋਂ ਵੱਖਰਾ ਹੋ ਸਕਦਾ ਹੈ ਜੋ ਤੁਸੀਂ ਪਹਿਲਾਂ ਵਰਤੀਆਂ ਹਨ। ਇਹ ਅਨੁਭਾਗ ਤੁਹਾਡੇ ਇਲਾਜ ਦੌਰਾਨ ਤੁਹਾਡੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

ਜਦੋਂ ਤੱਕ ਤੁਹਾਨੂੰ ਵੱਖਰੇ ਤੌਰ 'ਤੇ ਨਹੀਂ ਦੱਸਿਆ ਗਿਆ ਹੈ, ਤੁਹਾਡਾ ਇਲਾਜ ਪਹਿਲੇ ਤਿੰਨ ਟੀਕਿਆਂ ਲਈ ਹਰ ਚਾਰ ਹਫ਼ਤਿਆਂ ਵਿੱਚ ਦਿੱਤਾ ਜਾਵੇਗਾ ਅਤੇ ਫਿਰ ਹਰ ਅੱਠ ਹਫ਼ਤਿਆਂ ਵਿੱਚ ਇੱਕ ਵਾਰ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਡਾਕਟਰ ਦੁਆਰਾ ਤਜਵੀਜ਼ ਕੀਤੇ ਗਏ ਕਿਸੇ ਵੀ ਹੋਰ ਦਮੇ ਦੇ ਇਲਾਜ (ਇਨਹੇਲਰ/ਗੋਲੀਆਂ) ਨੂੰ ਲੈਂਦੇ ਰਹੋ।

*ਹਰੇਕ ਅਪੋਇੰਟਮੈਂਟ ਤੋਂ ਪਹਿਲਾਂ, ਕਿਰਪਾ ਕਰਕੇ ਪੰਨੇ 15 ਅਤੇ 16 'ਤੇ **'ਲੱਛਣ ਟਰੈਕਰ'** ਨੂੰ ਪੂਰਾ ਕਰੋ। ਆਪਣੇ ਡਾਕਟਰ ਜਾਂ ਨਰਸ ਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਕਿ ਤੁਸੀਂ ਆਪਣੇ ਇਲਾਜ ਨਾਲ ਕਿਵੇਂ ਅੱਗੇ ਵਧ ਰਹੇ ਹੋ, ਇਸ ਕਿਤਾਬਚੇ ਨੂੰ ਹਰ ਅਪੋਇੰਟਮੈਂਟ 'ਤੇ ਆਪਣੇ ਨਾਲ ਲਿਆਓ।*

ਜਿਵੇਂ ਹੀ ਤੁਸੀਂ Fasenra ਨਾਲ ਇਲਾਜ ਸ਼ੁਰੂ ਕਰਦੇ ਹੋ, ਇਹ ਤੁਹਾਡੇ ਲਈ ਪੰਨਾ 17 'ਤੇ ਆਪਣੇ ਥੋੜ੍ਹੇ-ਸਮੇਂ ਦੇ ਅਤੇ ਲੰਬੇ-ਸਮੇਂ ਦੇ ਟੀਚਿਆਂ ਨੂੰ ਨੋਟ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ, ਫਿਰ ਦੇਖੋ ਕਿ ਤੁਸੀਂ ਕਿੰਨੇ ਪ੍ਰਾਪਤ ਕਰ ਸਕਦੇ ਹੋ।

# ਤੁਹਾਡੀ ਦਮੇ ਦੀ ਇਲਾਜ ਯੋਜਨਾ

| **Fasenra** | ਪਹਿਲੇ 3 ਟੀਕੇ ਹਰ 4 ਹਫ਼ਤਿਆਂ ਵਿੱਚ, ਫਿਰ ਇਸ ਤੋਂ ਬਾਅਦ ਹਰ 8 ਹਫ਼ਤਿਆਂ ਵਿੱਚ |
|---|---|

## ਤੁਹਾਡੀਆਂ ਰੋਜ਼ਾਨਾ ਦੀਆਂ ਦਵਾਈਆਂ

ਹੇਠਾਂ ਦਿੱਤੀਆਂ ਕਤਾਰਾਂ ਵਿੱਚ ਆਪਣੀਆਂ ਹਰੇਕ ਰੋਜ਼ਾਨਾ ਦੀਆਂ ਦਮੇ ਦੀਆਂ ਦਵਾਈਆਂ ਦੀ ਸੂਚੀ ਬਣਾਓ:

| ਦਵਾਈ | ਰੋਜ਼ਾਨਾ ਖੁਰਾਕ ਜਿਵੇਂ ਕਿ ਇਨਹੇਲੇਸ਼ਨ ਜਾਂ ਗੋਲੀਆਂ ਦੀ ਗਿਣਤੀ |
|---|---|
| | |
| | |
| | |
| | |
| | |

## ਤੁਹਾਡਾ ਨੀਲਾ ਇਨਹੇਲਰ (ਜੇਕਰ ਤੁਹਾਡੇ ਕੋਲ ਇੱਕ ਹੈ)

ਤੁਸੀਂ ਆਪਣੇ ਦਮੇ ਦੇ ਲੱਛਣਾਂ ਦੇ ਆਧਾਰ 'ਤੇ ਆਪਣਾ ਨੀਲਾ ਇਨਹੇਲਰ ਘੱਟ ਜਾਂ ਵੱਧ ਲੈ ਰਹੇ ਹੋ ਸਕਦੇ ਹੋ, ਇਸ ਲਈ ਕਿਰਪਾ ਕਰਕੇ ਆਪਣੀ ਸਭ ਤੋਂ ਹਾਲੀਆ ਖੁਰਾਕ ਲਿਖੋ:

| ਦਵਾਈ | ਖੁਰਾਕ ਜਿਵੇਂ ਕਿ ਇਨਹੇਲੇਸ਼ਨ ਦੀ ਗਿਣਤੀ | ਲੱਛਣਾਂ ਵਿੱਚ ਸੁਧਾਰ ਹੋਣ ਤੱਕ ਕਿੰਨਾ ਸਮਾਂ ਲੱਗੇਗਾ? |
|---|---|---|
| | | |
| | | |

**ਜੇਕਰ ਤੁਹਾਨੂੰ ਦਮੇ ਦਾ ਦੌਰਾ ਪੈਂਦਾ ਹੈ, ਤਾਂ ਤੁਰੰਤ ਡਾਕਟਰੀ ਸਲਾਹ ਲਓ, 999 'ਤੇ ਕਾਲ ਕਰੋ ਅਤੇ ਆਪਣੀ ਨਿੱਜੀ ਦਮੇ ਦੀ ਕਾਰਵਾਈ ਯੋਜਨਾ ਦੀ ਪਾਲਣਾ ਕਰੋ**

# ਸੁਧਾਰਾਂ ਦਾ ਟ੍ਰੈਕ ਰੱਖਣਾ

**ਆਪਣੇ ਡਾਕਟਰ ਜਾਂ ਨਰਸ ਨੂੰ ਇਲਾਜ ਦੀ ਤੁਹਾਡੀ ਪ੍ਰਗਤੀ ਨੂੰ ਟ੍ਰੈਕ ਕਰਨ ਵਿੱਚ ਮਦਦ ਕਰਨ ਲਈ ਆਪਣੇ ਦਮੇ ਦੇ ਲੱਛਣਾਂ ਵਿੱਚ ਤਬਦੀਲੀਆਂ ਨੂੰ ਨੋਟ ਕਰਨਾ ਇੱਕ ਚੰਗਾ ਵਿਚਾਰ ਹੈ।**

ਹੇਠਾਂ ਦਿੱਤੀ ਸ਼ੀਟ ਨੂੰ ਭਰਨ ਨਾਲ ਤੁਹਾਨੂੰ ਇਸ ਗੱਲ ਦਾ ਸਹੀ ਰਿਕਾਰਡ ਮਿਲੇਗਾ ਕਿ ਤੁਸੀਂ Fasenra ਨਾਲ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਕਿਵੇਂ ਮਹਿਸੂਸ ਕੀਤਾ ਸੀ। ਇਸ ਜਾਣਕਾਰੀ ਦੀ ਤੁਲਨਾ ਆਪਣੇ Fasenra ਇਲਾਜ ਦੌਰਾਨ ਐਂਟਰੀਆਂ ਨਾਲ ਕਰਕੇ ਤੁਸੀਂ ਇਹ ਦੇਖ ਸਕੋਗੇ ਕਿ ਕੀ ਤੁਹਾਡੇ ਲੱਛਣ ਘੱਟ ਰਹੇ ਹਨ ਅਤੇ ਕੀ ਤੁਸੀਂ ਰੋਜ਼ਾਨਾ ਦੀਆਂ ਗਤੀਵਿਧੀਆਂ ਕਰਨ ਦੇ ਸਮਰੱਥ ਹੋ ਜੋ ਤੁਹਾਨੂੰ ਪਹਿਲਾਂ ਬਹੁਤ ਮੁਸ਼ਕਲ ਲੱਗਦੀਆਂ ਸਨ।

# Fasenra ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਦਮੇ ਦੀ ਸੰਖੇਪ ਜਾਣਕਾਰੀ

**ਤੁਸੀਂ ਆਪਣੇ ਦਮੇ ਦੇ ਲੱਛਣਾਂ ਨੂੰ ਕਿਵੇਂ ਦਰਜਾ ਦਿਓਗੇ?**
1-5 ਤੱਕ ਜਿੱਥੇ 1 'ਚੰਗਾ' ਹੈ, 5 'ਮਾੜਾ' ਹੈ

**ਤੁਹਾਡੇ ਲੱਛਣ ਤੁਹਾਡੀ ਨੀਂਦ ਨੂੰ ਕਿੰਨੀ ਵਾਰ ਪ੍ਰਭਾਵਿਤ ਕਰਦੇ ਹਨ?**
1-5 ਤੱਕ ਜਿੱਥੇ 1 'ਦੁਰਲਭ ਹੀ' ਹੈ, 5 'ਹਰ ਰਾਤ' ਹੈ

**ਤੁਹਾਨੂੰ ਇੱਕ ਹਫ਼ਤੇ ਵਿੱਚ ਕਿੰਨੀ ਵਾਰ ਆਪਣਾ ਰਿਲੀਵਰ ਇਨਹੇਲਰ ਵਰਤਣ ਦੀ ਲੋੜ ਹੈ?**

**ਪਿਛਲੇ 6 ਮਹੀਨਿਆਂ ਵਿੱਚ ਤੁਹਾਨੂੰ ਦਮੇ ਦੇ ਕਿੰਨੇ ਦੌਰੇ ਪਏ ਹਨ?**

**ਪਿਛਲੇ 6 ਮਹੀਨਿਆਂ ਵਿੱਚ ਤੁਸੀਂ ਓਰਲ ਸਟੀਰੌਇਡ ਗੋਲੀਆਂ ਦੇ ਕਿੰਨੇ ਕੋਰਸ ਲਏ ਹਨ?**

**ਪਿਛਲੇ 6 ਮਹੀਨਿਆਂ ਵਿੱਚ, ਤੁਹਾਨੂੰ ਕਿੰਨੀ ਵਾਰ ਹਸਪਤਾਲ ਜਾਣਾ ਪਿਆ ਕਿਉਂਕਿ ਤੁਹਾਡਾ ਦਮਾ ਵਿਗੜ ਗਿਆ ਸੀ?**

**ਕੀ ਤੁਹਾਡੇ ਇਲਾਜ ਦੇ ਕੋਈ ਮਾੜੇ ਪ੍ਰਭਾਵ ਹਨ?**
ਹਾਂ ਜਾਂ ਨਾ

ਜੇ **ਹਾਂ**, ਤਾਂ ਉਹ ਕੀ ਹਨ?

**ਕੀ ਕੋਈ ਰੋਜ਼ਾਨਾ ਦੀਆਂ ਗਤੀਵਿਧੀਆਂ ਹਨ ਜੋ ਤੁਸੀਂ ਨਹੀਂ ਕਰ ਸਕਦੇ?**

ਜੇ **ਹਾਂ**, ਤਾਂ ਉਹ ਕੀ ਹਨ?

**ਜਿਵੇਂ-ਜਿਵੇਂ ਤੁਹਾਡਾ ਇਲਾਜ ਅੱਗੇ ਵਧਦਾ ਹੈ, ਇਹ ਦੇਖਣ ਲਈ ਕਿ ਕੀ ਕੁਝ ਬਦਲਿਆ ਹੈ, ਇਸ ਪੰਨੇ 'ਤੇ ਰੈਫਰ ਕਰਨ ਲਈ ਵਾਪਸ ਜਾਓ।**

# Fasenra ਇਲਾਜ ਦੌਰਾਨ ਤੁਹਾਡੇ ਦਮੇ ਦੀ ਸੰਖੇਪ ਜਾਣਕਾਰੀ

| ਟੀਕਾ ਨੰਬਰ | 2<br>ਮਿਤੀ:................ | 3<br>ਮਿਤੀ:................ | 4<br>ਮਿਤੀ:................ |
|---|---|---|---|
| **ਤੁਹਾਡੇ ਆਖਰੀ Fasenra ਟੀਕੇ ਤੋਂ ਬਾਅਦ:**<br>**ਤੁਸੀਂ ਆਪਣੇ ਦਮੇ ਦੇ ਲੱਛਣਾਂ ਨੂੰ ਕਿਵੇਂ ਦਰਜਾ ਦਿਓਗੇ?**<br>1-5 ਤੱਕ ਜਿੱਥੇ 1 'ਚੰਗਾ' ਹੈ, 5 'ਮਾੜਾ' ਹੈ | | | |
| **ਤੁਹਾਡੇ ਲੱਛਣ ਤੁਹਾਡੀ ਨੀਂਦ ਨੂੰ ਕਿੰਨੀ ਵਾਰ ਪ੍ਰਭਾਵਿਤ ਕਰਦੇ ਹਨ?**<br>1-5 ਤੱਕ ਜਿੱਥੇ 1 'ਦੁਰਲਭ ਹੀ' ਹੈ, 5 'ਹਰ ਰਾਤ' ਹੈ | | | |
| **ਤੁਹਾਨੂੰ ਇੱਕ ਹਫ਼ਤੇ ਵਿੱਚ ਕਿੰਨੀ ਵਾਰ ਆਪਣੇ ਰਿਲੀਵਰ ਇਨਹੇਲਰ ਦੀ ਵਰਤੋਂ ਕਰਨ ਦੀ ਲੋੜ ਹੈ?** | | | |
| **ਤੁਹਾਨੂੰ ਦਮੇ ਦੇ ਕਿੰਨੇ ਦੌਰੇ ਪਏ ਹਨ?** | | | |
| **ਓਰਲ ਸਟੀਰੌਇਡ ਗੋਲੀਆਂ ਦੇ ਕਿੰਨੇ ਕੋਰਸ ਲਏ ਹਨ?** | | | |
| **ਤੁਹਾਨੂੰ ਕਿੰਨੀ ਵਾਰ ਹਸਪਤਾਲ ਜਾਣਾ ਪਿਆ ਕਿਉਂਕਿ ਤੁਹਾਡਾ ਦਮਾ ਵਿਗੜ ਗਿਆ ਸੀ?** | | | |
| **ਕੀ ਤੁਹਾਨੂੰ ਇਲਾਜ ਦੇ ਕੋਈ ਮਾੜੇ ਪ੍ਰਭਾਵ ਹਨ?**<br>**ਹਾਂ** ਜਾਂ ਨਾ | | | |
| ਜੇ **ਹਾਂ**, ਤਾਂ ਉਹ ਕੀ ਹਨ? | | | |
| **ਕੀ ਕੋਈ ਰੋਜ਼ਾਨਾ ਦੀਆਂ ਗਤੀਵਿਧੀਆਂ ਹਨ ਜੋ ਤੁਸੀਂ ਹੁਣ ਨਹੀਂ ਕਰ ਸਕਦੇ/ਕਰ ਸਕਦੇ ਹੋ?**<br>ਹਾਂ ਜਾਂ ਨਾ | | | |
| ਜੇ **ਹਾਂ**, ਤਾਂ ਉਹ ਕੀ ਹਨ? | | | |

# Fasenra ਇਲਾਜ ਦੌਰਾਨ ਤੁਹਾਡੇ ਦਮੇ ਦੀ ਸੰਖੇਪ ਜਾਣਕਾਰੀ

| ਟੀਕਾ ਨੰਬਰ | 5<br>ਮਿਤੀ:................ | 6<br>ਮਿਤੀ:................ | 7<br>ਮਿਤੀ:................ | 8<br>ਮਿਤੀ:................ |
|---|---|---|---|---|
| **ਤੁਹਾਡੇ ਆਖਰੀ Fasenra ਟੀਕੇ ਦੇ ਬਾਅਦ ਤੋਂ:**<br>**ਤੁਸੀਂ ਆਪਣੇ ਦਮੇ ਦੇ ਲੱਛਣਾਂ ਨੂੰ ਕਿਵੇਂ ਦਰਜਾ ਦਿਓਗੇ?**<br>1-5 ਤੱਕ ਜਿੱਥੇ 1 'ਚੰਗਾ' ਹੈ, 5 'ਮਾੜਾ' ਹੈ | | | | |
| **ਤੁਹਾਡੇ ਲੱਛਣ ਤੁਹਾਡੀ ਨੀਂਦ ਨੂੰ ਕਿੰਨੀ ਵਾਰ ਪ੍ਰਭਾਵਿਤ ਕਰਦੇ ਹਨ?**<br>1-5 ਤੱਕ ਜਿੱਥੇ 1 'ਦੁਰਲਭ ਹੀ' ਹੈ, 5 'ਹਰ ਰਾਤ' ਹੈ | | | | |
| **ਤੁਹਾਨੂੰ ਇੱਕ ਹਫ਼ਤੇ ਵਿੱਚ ਕਿੰਨੀ ਵਾਰ ਆਪਣੇ ਰਿਲੀਵਰ ਇਨਹੇਲਰ ਦੀ ਵਰਤੋਂ ਕਰਨ ਦੀ ਲੋੜ ਹੈ?** | | | | |
| **ਤੁਹਾਨੂੰ ਦਮੇ ਦੇ ਕਿੰਨੇ ਦੌਰੇ ਪਏ ਹਨ?** | | | | |
| **ਤੁਸੀਂ ਓਰਲ ਸਟੀਰੌਇਡ ਗੋਲੀਆਂ ਦੇ ਕਿੰਨੇ ਕੋਰਸ ਲਏ ਹਨ?** | | | | |
| **ਤੁਹਾਨੂੰ ਕਿੰਨੀ ਵਾਰ ਹਸਪਤਾਲ ਜਾਣਾ ਪਿਆ ਕਿਉਂਕਿ ਤੁਹਾਡਾ ਦਮਾ ਵਿਗੜ ਗਿਆ ਸੀ?** | | | | |
| **ਕੀ ਤੁਹਾਨੂੰ ਇਲਾਜ ਦੇ ਕੋਈ ਮਾੜੇ ਪ੍ਰਭਾਵ ਹਨ?**<br>**ਹਾਂ** ਜਾਂ ਨਾ | | | | |
| ਜੇ **ਹਾਂ**, ਤਾਂ ਉਹ ਕੀ ਹਨ? | | | | |
| **ਕੀ ਕੋਈ ਰੋਜ਼ਾਨਾ ਦੀਆਂ ਗਤੀਵਿਧੀਆਂ ਹਨ ਜੋ ਤੁਸੀਂ ਹੁਣ ਨਹੀਂ ਕਰ ਸਕਦੇ/ਕਰ ਸਕਦੇ ਹੋ?**<br>ਹਾਂ ਜਾਂ ਨਾ | | | | |
| ਜੇ **ਹਾਂ**, ਤਾਂ ਉਹ ਕੀ ਹਨ? | | | | |

# ਮੇਰੇ ਟੀਚੇ

## ਤੁਸੀਂ ਅਜਿਹਾ ਕੀ ਕਰਨਾ ਚਾਹੋਗੇ ਜਿਸ ਤੋਂ ਤੁਹਾਡਾ ਦਮਾ ਤੁਹਾਨੂੰ ਰੋਕ ਰਿਹਾ ਹੈ?

ਇਸ ਅਨੁਭਾਗ ਦਾ ਉਦੇਸ਼ ਤੁਹਾਡੇ ਲਈ Fasenra ਇਲਾਜ ਸ਼ੁਰੂ ਕਰਨ ਤੋਂ ਬਾਅਦ ਆਪਣੇ ਥੋੜ੍ਹੇ-ਸਮੇਂ ਦੇ ਟੀਚਿਆਂ ਨੂੰ ਰਿਕਾਰਡ ਕਰਨਾ ਹੈ। ਆਪਣੇ ਦਮੇ ਕਾਰਨ ਇੱਕ ਰੋਜ਼ਾਨਾ ਦੀ ਗਤੀਵਿਧੀ ਬਾਰੇ ਸੋਚੋ ਜੋ ਤੁਹਾਨੂੰ ਮੁਸ਼ਕਲ ਲੱਗ ਰਹੀ ਹੈ, ਉਦਾਹਰਣ ਵਜੋਂ ਦੁਕਾਨਾਂ 'ਤੇ ਇਕੱਲੇ ਖੁਦ ਤੋਂ ਤੁਰਨਾ।

### ਮੇਰੇ ਥੋੜ੍ਹੇ-ਸਮੇਂ ਦੇ ਟੀਚੇ

**(ਉਦਾਹਰਣਾਂ: ਦੁਕਾਨਾਂ 'ਤੇ ਤੁਰਨਾ, ਘਰ ਦਾ ਕੁਝ ਕੰਮ ਕਰਨਾ, ਖੜ੍ਹੇ ਹੋ ਕੇ ਖਾਣਾ ਬਣਾਉਣਾ)**

..........................................................................

..........................................................................

..........................................................................

**ਕਿਰਪਾ ਕਰਕੇ ਆਪਣੇ ਡਾਕਟਰ/ਨਰਸ ਦੀ ਮਦਦ ਨਾਲ ਇਸ ਪੰਨੇ ਨੂੰ ਪੂਰਾ ਕਰੋ**

## ਪਿਛਲੇ ਕੁਝ ਮਹੀਨਿਆਂ ਵਿੱਚ ਤੁਸੀਂ ਕੀ ਪ੍ਰਾਪਤ ਕੀਤਾ ਹੈ, ਇਸ ਬਾਰੇ ਸੋਚਦੇ ਹੋਏ, ਤੁਸੀਂ ਅਗਲੇ ਕੁਝ ਮਹੀਨਿਆਂ ਵਿੱਚ ਕੀ ਪ੍ਰਾਪਤ ਕਰਨਾ ਚਾਹੋਗੇ?

ਇਸ ਭਾਗ ਵਿੱਚ, ਤੁਸੀਂ ਕੋਈ ਵੀ ਵੱਡੀ ਗਤੀਵਿਧੀ ਰਿਕਾਰਡ ਕਰ ਸਕਦੇ ਹੋ ਜੋ ਤੁਹਾਨੂੰ ਪਹਿਲਾਂ ਆਪਣੇ ਦਮੇ ਕਾਰਨ ਕਰਨ ਵਿੱਚ ਮੁਸ਼ਕਲ ਆਈ ਹੈ ਜਾਂ ਜਿਨ੍ਹਾਂ ਤੋਂ ਤੁਸੀਂ ਪਰਹੇਜ਼ ਕੀਤਾ ਹੈ।

### ਮੇਰੇ ਲੰਬੇ-ਸਮੇਂ ਦੇ ਟੀਚੇ

**(ਉਦਾਹਰਣਾਂ: ਇੱਕ ਵੀਕਐਂਡ ਦਾ ਆਨੰਦ ਮਾਣੋ, ਪਾਰਕ ਦੇ ਆਲੇ-ਦੁਆਲੇ ਇੱਕ ਛੋਟੀ ਸਾਈਕਲ ਸਵਾਰੀ 'ਤੇ ਜਾਓ, ਮੇਰੇ ਬੱਚਿਆਂ/ਪੋਤੇ-ਪੋਤੀਆਂ ਨਾਲ ਖੇਡਣਾ)**

..........................................................................

..........................................................................

..........................................................................

ਹਰ ਵਾਰ ਜਦੋਂ ਤੁਹਾਡੀ ਆਪਣੇ ਡਾਕਟਰ/ਨਰਸ ਨਾਲ ਇੱਕ ਅਪੋਇੰਟਮੈਂਟ ਹੁੰਦੀ ਹੈ, ਤਾਂ ਦੇਖੋ ਕਿ ਤੁਸੀਂ ਕੀ ਪ੍ਰਾਪਤ ਕੀਤਾ ਹੈ ਅਤੇ ਉਨ੍ਹਾਂ ਨੂੰ ਆਪਣੀ ਤਰੱਕੀ ਦਿਖਾਉਣ ਲਈ ਇਸ 'ਤੇ ਨਿਸ਼ਾਨ ਲਗਾਓ।

# ਸੰਭਾਵੀ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ

**ਸਾਰੀਆਂ ਦਵਾਈਆਂ ਵਾਂਗ, ਇਹ ਸੰਭਵ ਹੈ ਕਿ ਤੁਹਾਨੂੰ Fasenra ਇਲਾਜ ਨਾਲ ਕੁਝ ਮਾੜੇ ਪ੍ਰਭਾਵਾਂ ਦਾ ਅਨੁਭਵ ਹੋ ਸਕਦਾ ਹੈ ਪਰ ਹਰ ਕਿਸੇ ਨੂੰ ਅਜਿਹਾ ਨਹੀਂ ਹੁੰਦਾ।**

ਆਮ ਮਾੜੇ ਪ੍ਰਭਾਵ, ਜੋ 10 ਵਿੱਚੋਂ 1 ਦਮੇ ਦੇ ਮਰੀਜ਼ਾਂ ਤੱਕ ਨੂੰ ਪ੍ਰਭਾਵਿਤ ਕਰ ਸਕਦੇ ਹਨ, ਵਿੱਚ ਇਹ ਸ਼ਾਮਲ ਹਨ:

- ਸਿਰ ਦਰਦ
- ਫੈਰੀਨਜਾਈਟਿਸ (ਕੰਠ ਵਿੱਚ ਜ਼ਖਮ)
- ਬੁਖਾਰ (ਉੱਚ ਤਾਪਮਾਨ)
- ਟੀਕੇ ਵਾਲੀ ਥਾਂ 'ਤੇ ਪ੍ਰਤੀਕਿਰਿਆ (ਜਿਵੇਂ ਕਿ ਟੀਕਾ ਲਗਾਏ ਜਾਣ ਵਾਲੀ ਥਾਂ ਦੇ ਨੇੜੇ ਦਰਦ, ਲਾਲੀ, ਖੁਜਲੀ, ਸੋਜ)

**ਜੇਕਰ ਤੁਹਾਨੂੰ ਕੋਈ ਮਾੜੇ ਪ੍ਰਭਾਵ ਅਨੁਭਵ ਹੁੰਦੇ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ ਨਾਲ ਗੱਲ ਕਰੋ**

**ਕੁਝ ਲੋਕਾਂ ਨੂੰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਹੋ ਸਕਦੀਆਂ ਹਨ।**
ਇਹ ਪ੍ਰਤੀਕ੍ਰਿਆਵਾਂ ਆਮ ਹਨ (ਇਹ 10 ਵਿੱਚੋਂ 1 ਵਿਅਕਤੀ ਤੱਕ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ)
ਲੱਛਣਾਂ ਵਿੱਚ ਇਹ ਆਮ ਤੌਰ 'ਤੇ ਸ਼ਾਮਲ ਹੁੰਦੇ ਹਨ:

- ਛਪਾਕੀ
- ਧੱਫੜ

ਕੁਝ ਮਾਮਲਿਆਂ ਵਿੱਚ, ਮਰੀਜ਼ਾਂ ਨੂੰ ਐਨਾਫਾਈਲੈਕਸਿਸ ਵਜੋਂ ਜਾਣੀ ਜਾਂਦੀ ਇੱਕ ਗੰਭੀਰ ਐਲਰਜੀ ਵਾਲੀ ਪ੍ਰਤੀਕ੍ਰਿਆ ਦਾ ਅਨੁਭਵ ਹੋ ਸਕਦਾ ਹੈ। ਹਾਲਾਂਕਿ, ਉਪਲਬਧ ਡੇਟਾ ਦੁਆਰਾ ਬਾਰੰਬਾਰਤਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ।
ਲੱਛਣਾਂ ਵਿੱਚ ਇਹ ਆਮ ਤੌਰ 'ਤੇ ਸ਼ਾਮਲ ਹੁੰਦੇ ਹਨ:

- ਤੁਹਾਡੇ ਚਿਹਰੇ, ਜੀਭ, ਜਾਂ ਮੂੰਹ ਦੀ ਸੋਜ
- ਸਾਹ ਲੈਣ ਵਿੱਚ ਸਮੱਸਿਆਵਾਂ
- ਬੇਹੋਸ਼ੀ, ਚੱਕਰ ਆਉਣਾ, ਸਿਰ ਹਲਕਾ ਮਹਿਸੂਸ ਹੋਣਾ (ਬਲੱਡ ਪ੍ਰੈਸ਼ਰ ਘੱਟ ਹੋਣ ਕਾਰਨ)

**ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਐਲਰਜੀ ਵਾਲੀ ਪ੍ਰਤੀਕ੍ਰਿਆ ਹੋ ਸਕਦੀ ਹੈ ਤਾਂ ਤੁਰੰਤ ਡਾਕਟਰੀ ਤਵੱਜੋ ਲਓ। ਅਜਿਹੀਆਂ ਪ੍ਰਤੀਕ੍ਰਿਆਵਾਂ ਟੀਕੇ ਤੋਂ ਬਾਅਦ ਘੰਟਿਆਂ ਜਾਂ ਦਿਨਾਂ ਦੇ ਅੰਦਰ-ਅੰਦਰ ਹੋ ਸਕਦੀਆਂ ਹਨ।**

ਕਿਰਪਾ ਕਰਕੇ ਸੰਭਾਵੀ ਮਾੜੇ ਪ੍ਰਭਾਵਾਂ 'ਤੇ ਹੋਰ ਜਾਣਕਾਰੀ ਲਈ Fasenra ਪੈਕ ਵਿੱਚ ਮਰੀਜ਼ ਜਾਣਕਾਰੀ ਲੀਫ਼ਲੈਟ ਵੇਖੋ।

# ਸਮਰਥਨ ਅਤੇ ਸਲਾਹ ਲਈ ਕਿੱਥੇ ਜਾਣਾ ਹੈ

**ਇਸਨੂੰ ਆਪਣੇ ਡਾਕਟਰ ਜਾਂ ਨਰਸ ਦੀ ਮਦਦ ਨਾਲ ਭਰੋ:**

ਡਾਕਟਰ/ਨਰਸ ਦਾ ਨਾਮ:

ਸੰਪਰਕ ਵੇਰਵੇ:

ਨੋਟਸ:

## ਮਾੜੇ ਪ੍ਰਭਾਵਾਂ ਦੀ ਰਿਪੋਰਟਿੰਗ

ਜੇਕਰ ਤੁਹਾਨੂੰ ਕੋਈ ਮਾੜੇ ਪ੍ਰਭਾਵ ਹੁੰਦੇ ਹਨ, ਤਾਂ ਆਪਣੇ ਡਾਕਟਰ, ਫਾਰਮਾਸਿਸਟ ਜਾਂ ਨਰਸ ਨਾਲ ਗੱਲ ਕਰੋ। ਇਸ ਵਿੱਚ ਪੈਕੇਜ ਲੀਫਲੈਟ ਵਿੱਚ ਸੂਚੀਬੱਧ ਨਾ ਕੀਤੇ ਗਏ ਕੋਈ ਵੀ ਸੰਭਾਵੀ ਮਾੜੇ ਪ੍ਰਭਾਵ ਸ਼ਾਮਲ ਹਨ।

ਤੁਸੀਂ ਮਾੜੇ ਪ੍ਰਭਾਵਾਂ ਦੀ ਰਿਪੋਰਟ ਸਿੱਧੇ ਤੌਰ 'ਤੇ ਯੈਲੋ ਕਾਰਡ ਸਕੀਮ ਰਾਹੀਂ ਵੀ ਇੱਥੇ ਕਰ ਸਕਦੇ ਹੋ: **www.mhra.gov.uk/yellowcard**

ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰਕੇ, ਤੁਸੀਂ ਇਸ ਦਵਾਈ ਦੀ ਸੁਰੱਖਿਆ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੇ ਹੋ

Fasenra® 360°

## ਤੁਹਾਡੇ ਇਲਾਜ ਦੇ ਸਫ਼ਰ ਵਿੱਚ ਮੌਜੂਦਾ ਸਮਰਥਨ

**ਮਰੀਜ਼ ਹੌਟਲਾਈਨ:**
**08004 700329**

ਸੋਮ-ਸ਼ੁੱਕਰ ਸਵੇਰੇ 8 ਵਜੇ-ਸ਼ਾਮ 6 ਵਜੇ ਤੱਕ | ਸ਼ਨੀਵਾਰ ਸਵੇਰੇ 9 ਵਜੇ-ਸ਼ਾਮ 5 ਵਜੇ ਤੱਕ
ਕੰਮਕਾਜੀ ਘੰਟਿਆਂ ਤੋਂ ਬਾਹਰ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ ਨਾਲ ਸੰਪਰਕ ਕਰੋ, ਜਾਂ ਐਮਰਜੈਂਸੀ ਦੀ ਸਥਿਤੀ ਵਿੱਚ 999 'ਤੇ ਕਾਲ ਕਰੋ।

ਇਸ ਦੁਆਰਾ ਤਿਆਰ ਅਤੇ ਫੰਡ ਕੀਤਾ ਗਿਆ:
AstraZeneca